8-Dec-NSR-Pages.qxd 12/8/2024 11:09 PM Page 1

ਬਲਾਚੌਰ ਦੇ ਝੁੱਗੀ ਝੌਂਪੜੀ ਵਾਲੇ ਇਲਾਕੇ ਅੰਦਰ ਚਲਾਈ ਜਾ ਰਹੀ ਪਲਸ ਪੋਲਿਓ ਮੁਹਿੰਮ ਦਾ ਜਾਇਜ਼ਾ ਲੈਣ ਸਮੇਂ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨਾਲ ਦਿਖਾਈ ਦੇ ਰਹੇ ਹਨ ਡਾ. ਕੁਲਵਿੰਦਰ ਮਾਨ ਸੀਨੀਅਰ ਮੈਡੀਕਲ ਅਧਿਕਾਰੀ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਉੱਪ ਮੰਡਲ ਹਸਪਤਾਲ ਬਲਾਚੌਰ, ਵਿਰਾਟ ਸ਼ਰਮਾ ਤੇ ਹੋਰ।

ਡਾ. ਕੁਲਵਿੰਦਰ ਮਾਨ ਸੀਨੀਅਰ ਮੈਡੀਕਲ ਅਧਿਕਾਰੀ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਉੱਪ ਮੰਡਲ ਹਸਪਤਾਲ ਬਲਾਚੌਰ ਦੀ ਅਗਵਾਈ ਹੇਠ ਬਲਾਚੌਰ ਬਾਈਪਾਸ ਪੁੱਲ ਕੰਗਣਾਂ ਵਿਖੇ ਇਕ ਬੂਥ 'ਤੇ ਬੱਚੇ ਨੂੰ ਵੈਕਸੀਨ ਦੀਆਂ ਬੂੰਦਾਂ ਪਿਲਾਉਣ ਸਮੇਂ ਸਟਾਫ਼ ਤੇ ਵਲੰਟੀਅਰਜ਼। ਤਸਵੀਰਾਂ : ਦੀਦਾਰ ਸਿੰਘ ਬਲਾਚੌਰਆ

ਕੋਈ ਵੀ ਬੱਚਾ ਪੋਲੀਓ ਰੋਕੂ ਦਵਾਈ ਤੋਂ ਵਾਂਝਾ ਨਾ ਰਹੇ- ਸਿਵਲ ਸਰਜਨ

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਪਲਸ ਪੋਲਿਓ ਮੁਹਿੰਮ ਦਾ ਲਿਆ ਜਾਇਜਾ

ਬਲਾਚੌਰ, 8 ਦਸੰਬਰ (ਦੀਦਾਰ ਸਿੰਘ ਬਲਾਚੌਰੀਆ) - ਪਲਸ ਪੋਲਿਓ ਮੁਹਿੰਮ ਤਹਿਤ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਉੱਪ ਮੰਡਲ ਹਸਪਤਾਲ ਬਲਾਚੌਰ ਅਧੀਨ ਲਗਾਏ ਗਏ ਵੱਖ-ਵੱਖ ਬੂਥਾਂ ਸਮੇਤ ਸਾਰੇ ਪੁਆਇੰਟਾਂ ਦਾ ਡਾ. ਜਸਪ੍ਰੀਤ ਕੌਰ ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਨੇ ਉਚੇਚੇ ਤੌਰ 'ਤੇ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਨੇ ਲੈਫਟੀਨੇਟ ਜਨਰਲ ਬਿਕਰਮ ਸਿੰਘ ਉੱਪ ਮੰਡਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਸਮੇਤ ਨੋਡਲ ਅਧਿਕਾਰੀ ਤੇ ਸਮੁੱਚਾ ਸਟਾਫ਼ ਹਾਜ਼ਰ ਸੀ। ਉਨ੍ਹਾਂ ਨੇ ਪੁੱਲ ਕੰਗਣਾਂ ਵਿਖੇ ਲਗਾਏ ਗਏ ਬੂਥ, ਝੁੱਗੀ ਝੌਂਪੜੀ ਵਾਲੇ ਇਲਾਕਿਆਂ ਦਾ ਦੌਰਾ ਵੀ ਕੀਤਾ। ਉਨ੍ਹਾਂ ਦਵਾਈ ਦੀਆਂ ਬੂੰਦਾਂ ਪਿਲਾਉਣ ਵਾਲੇ ਸਟਾਫ਼, ਵਲੰਟੀਅਰਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 0 ਤੋਂ 5 ਸਾਲ ਦਾ ਕੋਈ ਵੀ ਬੱਚਾ ਪੋਲਿਓ ਰੋਧਕ ਦਵਾਈ ਦੀਆਂ ਬੂੰਦਾਂ ਤੋਂ ਵਾਂਝਾ ਨਾ ਰਹੇ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਵਿੰਦਰ ਮਾਨ ਨੇ ਆਖਿਆ ਕਿ ਇਹ ਮੁਹਿੰਮ ਦੋ ਦਿਨ ਜਾਰੀ ਰਹੇਗੀ ਅਤੇ ਘਰ-ਘਰ ਜਾ ਕੇ, ਭੱਠਿਆਂ ਤੇ ਹੀਰ ਗੁੱਜਰਾਂ ਦੇ ਡੇਰਿਆਂ ਤੇ ਜਾ ਕੇ ਬੱਚਿਆਂ ਨੂੰ ਕਵਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਤੇ ਦਿਹਾਤੀ ਖੇਤਰ ਦੇ ਲੋਕਾਂ ਨੇ ਆਪਣੀ ਜਿੰਮੇਵਾਰੀ ਸਮਝਦਿਆਂ ਬੱਚਿਆਂ ਨੂੰ ਇਹ ਵੈਕਸੀਨ ਦਿਵਾਈ ਗਈ। ਇਸ ਮੌਕੇ ਹਰਜਿੰਦਰ ਸਿੰਘ ਨਾਗਰਾ, ਤਰਸੇਮ ਸਿੰਘ ਬੀ.ਈ.ਈ, ਵਿਪਨ ਕਾਲੀਆ, ਵਿਰਾਟ ਸ਼ਰਮਾਂ ਅਤੇ ਰਣਜੀਤ ਕੁਮਾਰ ਆਦਿ ਹਾਜ਼ਰ ਸਨ। (ਬਾਕੀ ਸਫ਼ਾ 6 'ਤੇ)

ਜੀਪ ਕਾਰ ਅਣਪਛਾਤੇ ਵਾਹਨ ਨਾਲ ਟਕਰਾਉਣ ਕਾਰਨ ਬੁਰੀ ਤਰ੍ਹਾਂ ਨੁਕਸਾਨੀ

ਦੋਨੋਂ ਕਾਰ ਸਵਾਰ ਵਾਲ-ਵਾਲ ਬਚੇ

ਕਾਠਗੜ੍ਹ, 8 ਦਸੰਬਰ (ਹਰਸਿਮਰਨ ਜੋਤ ਸਿੰਘ ਕਲੇਰ, ਬਲਦੇਵ ਸਿੰਘ ਪਨੇਸਰ) - ਰੋਪੜ-ਬਲਾਚੌਰ ਨੈਸ਼ਨਲ ਹਾਈਵੇ 'ਤੇ ਇਕ ਜੀਪ ਕਾਰ ਅੱਗੇ ਜਾ ਰਹੇ ਅਣਪਛਾਤੇ ਟਰੱਕ ਨਾਲ ਪਿਛੋਂ ਤੋਂ ਟਕਰਾ ਗਈ ਅਤੇ ਕਾਰ ਸਵਾਰ ਵਾਲ-ਵਾਲ ਬੱਚ ਗਏ। ਹਾਦਸੇ 'ਚ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ. ਐਸ. ਐਫ ਟੀਮ ਦੇ ਇੰਚਾਰਜ ਏ. ਐਸ. ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਕੰਟਰੋਲ ਰੂਮ ਤੋਂ ਫੋਨ ਆਇਆ ਸੀ ਕਿ ਪਿੰਡ ਸੁੱਧਾ ਮਾਜਰਾ ਦੇ ਨੇੜੇ ਸਾਹਿਬ ਢਾਬੇ ਕੋਲ ਇਕ ਕਾਰ ਦਾ ਐਕਸੀਡੈਂਟ ਹੋ ਗਿਆ ਹੈ ਅਤੇ ਹਾਦਸੇ ਦੀ ਸੂਚਨਾ ਮਿਲਦੇ ਸਾਰ ਹੀ ਮੌਕੇ 'ਤੇ ਪਹੁੰਚ ਕੇ ਵੇਖਿਆ ਕਿ ਇਕ ਜੀਪ ਕਾਰ ਜਿਸ ਦਾ ਨੰਬਰ ਪੀ. ਬੀ 08 ਡੀ. ਵੀ 0170 ਜਿਸ ਨੂੰ ਸਾਹਿਲ ਪੁੱਤਰ ਰਾਮ ਲਾਲ ਵਾਸੀ ਗੁਰੂ ਨਾਨਕ ਨਗਰ ਜਲੰਧਰ ਚਲਾ ਰਿਹਾ ਸੀ ਅਤੇ ਇਸ ਦੇ ਨਾਲ ਅਰਜੁਨ ਪੁੱਤਰ ਨੰਦ ਲਾਲ ਵਾਸੀ ਜਲੰਧਰ ਬੈਠਾ ਸੀ। ਇਹ ਦੋਵੇਂ ਜਾਣੇ ਚੰਡੀਗੜ੍ਹ ਤੋਂ ਜਲੰਧਰ ਜਾ ਰਹੇ ਸਨ ਪਰ ਜਦੋਂ ਇਹ ਉਪਰੋਕਤ ਸਥਾਨ 'ਤੇ ਪਹੁੰਚੇ ਤਾਂ ਇਹਨਾਂ ਦੀ ਕਾਰ ਅੱਗੇ ਇੱਕ ਟਰੱਕ ਜਾ ਰਿਹਾ ਸੀ ਤਾਂ ਅਚਾਨਕ ਇਨ੍ਹਾਂ ਦੀ ਕਾਰ ਦਾ ਸੰਤੁਲਨ ਵਿਗੜਨ ਨਾਲ ਇਹਨਾਂ ਦੀ ਕਾਰ ਟਰੱਕ ਦੇ ਪਿੱਛੇ ਟਕਰਾ ਗਈ ਅਤੇ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਇਨ੍ਹਾਂ ਦਾ ਵਾਲ-ਵਾਲ ਬਚਾ ਹੋ ਗਿਆ ਅਤੇ ਇਨ੍ਹਾਂ ਦੋਨਾਂ ਕਾਰ ਸਵਾਰਾਂ ਦੇ ਮਾਮੂਲੀ ਸੱਟਾਂ ਲੱਗੀਆਂ। ਜਿਹਨਾਂ ਨੂੰ ਐਸ. ਐਸ. ਐਫ ਦੀ ਟੀਮ ਵੱਲੋਂ ਫਸਟਏਡ ਦਿੱਤਾ ਅਤੇ ਐਸ. ਐਸ. ਐਫ ਦੀ ਟੀਮ ਦੇ ਇੰਚਾਰਜ ਏ. ਐਸ. ਆਈ ਕੁਲਵੀਰ ਸਿੰਘ ਨੇ ਟੋਲ ਪਲਾਜ਼ਾ ਬਛੂਆਂ ਤੋਂ ਰਿਕਵਰੀ ਵੈਨ ਮੰਗਵਾ ਕੇ ਕਾਰ ਨੂੰ ਰੋਡ ਤੋਂ ਪਾਸੇ ਕਰਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਾਲੂ ਕਰਵਾਇਆ ਅਤੇ ਇਸ ਹਾਦਸੇ ਸਬੰਧੀ ਥਾਣਾ ਕਾਠਗੜ੍ਹ ਨੂੰ ਇਤਲਾਹ ਦੇ ਦਿੱਤੀ।

ਸੜਕ ਹਾਦਸੇ 'ਚ ਨੁਕਸਾਨੀ ਜੀਪ ਕਾਰ। ਤਸਵੀਰ : ਹਰਸਿਮਰਨ ਜੋਤ ਸਿੰਘ ਕਲੇਰ

ਨਸ਼ੀਲੀਆਂ ਗੋਲੀਆਂ ਤੇ ਹੈਰੋਇਨ ਸਮੇਤ ਫੜ੍ਹੇ ਕਥਿਤ ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕਰਨ ਤੋਂ ਪਹਿਲਾਂ ਐਸ.ਐਚ.ਓ ਮਹਿੰਦਰ ਸਿੰਘ ਜਾਣਕਾਰੀ ਦਿੰਦੇ ਹੋਏ।

ਥਾਣਾ ਮੁਕੰਦਪੁਰ ਪੁਲਿਸ ਵਲੋਂ ਨਸ਼ੀਲੇ ਪਦਾਰਥਾਂ ਸਮੇਤ 2 ਕਾਬੂ

ਚਾਰਜ ਸੰਭਾਲਦਿਆਂ ਹੀ ਐਸ.ਐਚ.ਓ ਮਹਿੰਦਰ ਸਿੰਘ ਵਲੋਂ ਇਲਾਕੇ 'ਚ ਸਖ਼ਤ ਕਾਰਵਾਈ ਦੇ ਸੰਕੇਤ

ਮੁਕੰਦਪੁਰ, 8 ਦਸੰਬਰ (ਅਮਰੀਕ ਸਿੰਘ ਢੀਡਸਾ) - ਬੀਤੇ ਦੋ ਦਿਨ ਪਹਿਲਾਂ ਮੁਕੰਦਪੁਰ ਪੁਲਿਸ ਥਾਣੇ ਦਾ ਚਾਰਜ ਲੈਂਦਿਆਂ ਹੀ ਐਸ. ਐਚ. ਓ ਸਬ ਇੰਸਪੈਕਟਰ ਮਹਿੰਦਰ ਸਿੰਘ ਵਲੋਂ ਇਲਾਕੇ 'ਚ ਸ਼ਰਾਰਤੀ ਅਨਸਰਾਂ, ਨਸ਼ਾ ਤਸਕਰਾਂ ਅਤੇ ਅਫਰਾ ਤਫਰੀ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਸ਼ੁਰੂ ਕੀਤੀ ਹੋਈ ਹੈ। ਨਸ਼ੇ ਦੀ ਰੋਕਥਾਮ ਲਈ ਚਲਾਈ ਮੁਹਿੰਮ ਤਹਿਤ ਪੁਲਿਸ ਵੱਲੋਂ 5 ਗ੍ਰਾਮ ਹੈਰੋਇਨ ਅਤੇ 20 ਨਸ਼ੀਲੀਆਂ ਗੋਲੀਆਂ ਸਮੇਤ, ਇੱਕ ਔਰਤ ਅਤੇ ਇੱਕ ਹੋਰ ਵਿਅਕਤ ਨੂੰ ਕਾਬੂ ਕੀਤਾ ਹੈ। ਜਾਣਕਾਰੀ ਦਿੰਦਿਆਂ ਥਾਣਾ ਮੁਕੰਦਪੁਰ ਦੇ ਐਸ.ਐਚ. ਓ ਮਹਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਮੁਕੰਦਪੁਰ ਦੀ ਪੁਲਿਸ ਨੂੰ ਉਸ ਵੇਲੇ ਭਾਰੀ ਸਫ਼ਲਤਾ ਮਿਲੀ ਜਦੋਂ ਏ.ਐਸ.ਆਈ ਸੰਦੀਪ ਸਿੰਘ ਸਮੇਤ ਪੁਲਿਸ ਪਾਰਟੀ ਮੁਕੰਦਪੁਰ ਤੋਂ ਹੁੰਦੇ ਹੋਏ ਚੌਂਕੀਆਂ ਸਾਈਡ ਨੂੰ ਜਾ ਰਹੇ ਸਨ ਜਦੋਂ ਪੁਲਿਸ ਪਾਰਟੀ ਸੂਆ ਪੁਲੀ ਮੁਕੰਦਪੁਰ 'ਤੇ ਪਹੁੰਚੀ ਤਾਂ ਰਜਿੰਦਰ ਕੁਮਾਰ ਪੁੱਤਰ ਗੁਲਜ਼ਾਰੀ ਲਾਲ ਵਾਸੀ ਰਟੈਂਡਾ ਥਾਣਾ ਮੁਕੰਦਪੁਰ ਅਤੇ ਸੀਮਾ ਪਤਨੀ ਮੋਹਣ ਲਾਲ ਵਾਸੀ ਮੁਕੰਦਪੁਰ ਥਾਣਾ ਮੁਕੰਦਪੁਰ ਨੂੰ ਸਮੇਤ ਮੋਟਰਸਾਈਕਲ ਕਾਬੂ ਕੀਤਾ ਅਤੇ ਜਿਨ੍ਹਾਂ ਪਾਸੋਂ ਪੰਜ ਗ੍ਰਾਮ ਹੀਰੋਇਨ ਅਤੇ 20 ਨਸ਼ੀਲੀਆਂ ਗੋਲੀਆਂ ਰੰਗ ਪੀਲਾ ਬਰਾਮਦ ਕੀਤੀਆਂ ਗਈਆਂ। ਜਿਸ 'ਤੇ ਮਾਮਲਾ ਦਰਜ ਕਰਕੇ ਕਥਿਤ ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਅਤੇ ਕਥਿਤ ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕੇ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ। ਐਸ. ਐਚ. ਓ ਮਹਿੰਦਰ ਸਿੰਘ ਨੇ ਨਸ਼ਾ ਤਸਕਰਾਂ ਨੂੰ ਤਾੜਨਾ ਕਰਦੇ ਹੋਏ ਕਿਹਾ ਕਿ ਉਹ ਇਸ ਤਰ੍ਹਾਂ ਦੇ ਗੈਰ ਕਾਨੂੰਨੀ ਕੰਮਾਂ ਤੋਂ ਬਾਜ ਆ ਜਾਣ ਨਹੀਂ ਤਾਂ ਕਨੂੰਨੀ ਕਾਰਵਾਈ ਲਈ ਤਿਆਰ ਰਹਿਣ।

ਕਿਸਾਨਾਂ ਉੱਤੇ ਜਬਰ ਦੀ ਨਿਖੇਧੀ

ਨਵਾਂਸ਼ਹਿਰ, 8 ਦਸੰਬਰ (ਦੀਦਾਰ ਸਿੰਘ ਸ਼ੇਤਰਾ, ਜਸਬੀਰ ਸਿੰਘ ਨੂਰਪੁਰ) - ਕਿਰਤੀ ਕਿਸਾਨ ਯੂਨੀਅਨ ਨੇ ਸ਼ੰਭੂ ਬਾਰਡਰ ਤੋਂ ਦਿੱਲੀ ਵੱਲ ਪੈਦਲ ਜਾ ਰਹੇ ਕਿਸਾਨਾਂ ਉੱਤੇ ਅੱਥਰੂ ਗੈਸ ਦੀ ਵਰਤੋਂ ਕਰਨ ਅਤੇ ਪਾਬੰਦੀਆਂ ਮੜ੍ਹ ਕੇ ਰੋਕਾਂ ਲਾਉਣ ਅਤੇ ਪਿੰਡ ਲੇਲੇਵਾਲਾ ਵਿਖੇ ਜਮੀਨ ਦੇ ਅਧਿਗ੍ਰਹਿਣ ਵਿਰੁੱਧ ਸੰਘਰਸ਼ ਕਰ ਰਹੇ ਕਿਸਾਨਾਂ ਉੱਤੇ ਪੁਲਿਸ ਜਬਰ ਕਰਨ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਹੈ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਅਤੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਨੇ ਕਿਹਾ ਹੈ ਕਿ ਪੰਜਾਬ ਦੇ ਸ਼ੰਭੂ ਸਮੇਤ ਹਰਿਆਣਾ ਬਾਕੀ ਬਾਰਡਰ ਸੀਲ ਕਰਕੇ ਭਾਜਪਾ ਦੀ ਕੇਂਦਰ ਅਤੇ ਹਰਿਆਣਾ ਸਰਕਾਰ ਇੱਕ ਤਰ੍ਹਾਂ ਨਾਲ ਪੰਜਾਬ ਦੇ ਕਿਸਾਨਾਂ ਅੰਦਰ ਬੇਗਾਨਗੀ ਦੀ ਭਾਵਨਾ ਦਾ ਮੰਦਭਾਗਾ ਅਹਿਸਾਸ ਪੈਦਾ ਕਰ ਰਹੀਆਂ ਹਨ।

ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਤੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਗੱਲਬਾਤ ਸਮੇਂ।

ਡਾ. ਜਗਨ ਨਾਥ ਹੀਰਾ ਪਿੰਡ ਸੰਧਵਾਂ ਦੀ ਸਰਪੰਚੀ ਦਾ ਅਹੁਦਾ ਸੰਭਾਲਦੇ ਹੋਏ।

ਡਾ. ਜਗਨ ਨਾਥ ਹੀਰਾ ਨੇ ਸੰਧਵਾਂ ਪਿੰਡ ਦੀ ਸਰਪੰਚੀ ਦਾ ਅਹੁਦਾ ਸੰਭਾਲਿਆ

ਕਟਾਰੀਆਂ, 8 ਦਸੰਬਰ (ਪ੍ਰੇਮੀ ਸੰਧਵਾਂ) - ਬੰਗਾ ਬਲਾਕ ਦੇ ਆਪ ਦੇ ਸੀਨੀਅਰ ਆਗੂ ਡਾ. ਜਗਨ ਨਾਥ ਹੀਰਾ ਨੇ ਸਰਪੰਚੀ ਦੀ ਚੋਣ ਜਿੱਤਣ ਤੋਂ ਬਾਅਦ ਪਿੰਡ ਦੇ ਪੁਰਾਣੇ ਸਰਪੰਚ ਸਤਿਕਰਤਾਰ ਸਿੰਘ ਤੋਂ ਪੂਰਾ ਹਿਸਾਬ ਕਿਤਾਬ ਕਰਕੇ ਪਿੰਡ ਸੰਧਵਾਂ ਦੀ ਸਰਪੰਚੀ ਦਾ ਅਹੁਦਾ ਸੰਭਾਲਦਿਆਂ ਕਿਹਾ ਕਿ ਉਹ ਪਿੰਡ ਦੇ ਵਿਕਾਸ ਕਾਰਜਾਂ 'ਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਹ ਪਿੰਡ ਵਾਸੀਆਂ ਦੀਆਂ ਉਮੀਦਾਂ 'ਤੇ ਖਰਾ ਉਤਰਨਗੇ। ਇਸ ਮੌਕੇ ਡਿਪਟੀ ਬੈਂਕ ਮੈਨੇਜਰ ਰਮਨਜੀਤ ਕੌਰ ਹੀਰਾ, ਅਰਵਿੰਦ ਹੀਰਾ, ਸਾਬਕਾ ਸਰਪੰਚ ਸਤਿਕਰਤਾਰ ਸਿੰਘ, ਸਕੱਤਰ ਅਮਰਜੀਤ ਸਿੰਘ, ਪੀਟਾ ਹੀਰਾ ਆਦਿ ਹਾਜ਼ਰ ਸਨ।

ਸ਼ਹੀਦ ਭਗਤ ਸਿੰਘ ਫੁੱਟਬਾਲ ਟੂਰਨਾਮੈਂਟ ਦੇ ਚੌਥੇ ਦਿਨ ਹੋਏ ਦੋ ਕੁਆਰਟਰ ਫਾਈਨਲ ਮੁਕਾਬਲੇ

ਬੰਗਾ, 8 ਦਸੰਬਰ (ਸੁਰਿੰਦਰ ਸਿੰਘ ਕਰਮ ਲਧਾਣਾ) - ਮਾ. ਹਰਬੰਸ ਹੀਉਂ ਨੂੰ

ਸੈਮੀਫਾਈਨਲ ਮੁਕਾਬਲੇ ਕੱਲ੍ਹ

ਸਮਰਪਿਤ 26ਵੇਂ ਰਾਜ ਪੱਧਰੀ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਦੇ ਚੌਥੇ ਦਿਨ ਦੋ ਕੁਆਰਟਰ ਫਾਈਨਲ ਮੁਕਾਬਲੇ ਖੇਡੇ ਗਏ। ਪਹਿਲਾ ਮੁਕਾਬਲਾ ਦਲਵੀਰ ਫੁੱਟਬਾਲ ਕਲੱਬ ਪਟਿਆਲਾ ਅਤੇ ਇੰਟਰਨੈਸ਼ਨਲ ਫੁੱਟਬਾਲ ਕਲੱਬ ਫਗਵਾੜਾ ਵਿਚਕਾਰ ਹੋਇਆ। ਇਸ ਮੈਚ ਦਾ ਉਦਘਾਟਨ ਫੁੱਟਬਾਲ ਖੇਡ ਜਗਤ ਦੀ ਉੱਘੀ ਹਸਤੀ ਗੁਰਦਿਆਲ ਸਿੰਘ ਜਗਤਪੁਰ ਅਤੇ ਸੁਰਿੰਦਰ ਸਿੰਘ ਖਾਲਸਾ ਵੱਲੋਂ ਕੀਤਾ ਗਿਆ। ਜਿਨ੍ਹਾਂ ਨਾਲ ਦਰਸ਼ਨ ਸਿੰਘ ਮਾਹਿਲ, ਇਕਬਾਲ ਸਿੰਘ ਰਾਣਾ ਖਾਨਖਾਨਾ, ਕਸ਼ਮੀਰੀ ਲਾਲ ਮੰਗੂਵਾਲ, ਦਲਜੀਤ ਸਿੰਘ ਗਿੱਦਾ ਸੁੱਜੋਂ, ਪ੍ਰੋ. ਪਰਗਣ ਸਿੰਘ ਅਟਵਾਲ ਨੇ ਟੀਮਾਂ ਦੀ ਜਾਣ ਪਹਿਚਾਣ ਕੀਤੀ। ਇਸ ਮੈਚ 'ਚ ਟਾਈ ਬਰੇਕਰ ਰਾਹੀਂ ਇੰਟਰਨੈਸ਼ਨਲ ਫੁੱਟਬਾਲ ਕਲੱਬ ਫਗਵਾੜਾ ਜੇਤੂ ਰਿਹਾ। ਇਸ ਬੇਹਦ ਫਸਵੇਂ ਮੁਕਾਬਲੇ 'ਚ ਨਿਰਧਾਰਤ ਸਮੇਂ ਦੀ ਸਮਾਪਤੀ ਤੱਕ ਦੋਵਾਂ ਟੀਮਾਂ 'ਚੋਂ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ। ਉਪਰੰਤ ਮਿਲੇ ਵਾਧੂ ਸਮੇਂ 'ਚ ਵੀ ਕੋਈ ਟੀਮ ਗੋਲ ਨਹੀਂ ਕਰ ਸਕੀ। ਜਿਸ ਕਾਰਨ ਮੈਚ ਟਾਈ ਬਰੇਕਰ 'ਤੇ ਗਿਆ। ਜਿਸ 'ਚ ਇੰਟਰਨੈਸ਼ਨਲ ਕਲੱਬ ਫਗਵਾੜਾ 3-1 ਨਾਲ ਜੇਤੂ ਰਿਹਾ। ਦੂਜਾ ਮੁਕਾਬਲਾ ਪੰਜਾਬ ਪੁਲਿਸ ਅਤੇ ਸੰਤ ਬਾਬਾ ਭਾਗ ਸਿੰਘ ਫੁੱਟਬਾਲ ਕਲੱਬ ਖਿਆਲਾ ਵਿਚਕਾਰ ਖੇਡਿਆ ਗਿਆ। ਇਸ ਮੈਚ ਦਾ ਉਦਘਾਟਨ ਗੁਦਾਵਰ ਸਿੰਘ ਸ਼ੌਕੀ ਸਰਪੰਚ ਜਗਤਪੁਰ,ਤੇਜਿੰਦਰ ਮਾਹਲ ਅਤੇ ਅਨਵਰ ਮੁਹੰਮਦ ਨੇ ਕੀਤਾ। ਉਨ੍ਹਾਂ ਨਾਲ ਸ. ਜਰਨੈਲ ਸਿੰਘ ਪੱਲੀ ਝਿੱਕੀ ਪ੍ਰਧਾਨ ਪੀ. ਐਫ. ਏ,ਬਲਵੀਰ ਸਿੰਘ,ਪ੍ਰਮੋਦ ਕੁਮਾਰ ਅਤੇ ਮਾ. ਅਸ਼ੋਕ ਕੁਮਾਰ ਹੀਉਂ ਨੇ ਟੀਮਾਂ ਨਾਲ ਜਾਣ-ਪਹਿਚਾਣ ਕੀਤੀ। ਇਸ ਮੈਚ 'ਚ ਪੰਜਾਬ ਪੁਲਿਸ 1-0 ਨਾਲ ਜੇਤੂ ਰਹੀ। ਹਾਫ ਟਾਈਮ ਤੱਕ ਦੋਵੇਂ ਟੀਮਾਂ ਗੋਲ ਕਰਨ 'ਚ ਕਾਮਯਾਬ ਨਹੀਂ ਹੋਈਆਂ। ਦੂਜੇ ਹਾਫ 'ਚ ਵੀ ਖੇਡ ਬਹੁਤ ਰੋਮਾਂਚਕ ਰਹੀ ਪਰ ਕੋਈ ਗੋਲ ਨਹੀਂ ਹੋ ਸਕਿਆ। ਉਪਰੰਤ ਮਿਲੇ ਵਾਧੂ ਸਮੇਂ 'ਚ ਪੰਜਾਬ ਪੁਲਿਸ ਵੱਲੋਂ ਜਸਪ੍ਰੀਤ ਜੰਸੀ ਡੁਮੇਲੀ ਨੇ ਗੋਲ ਕਰਕੇ ਆਪਣੀ ਟੀਮ ਨੂੰ ਲੀਡ ਦਿਵਾਈ। ਜੋ ਅੰਤ ਤੱਕ ਕਾਇਮ ਰਹੀ। ਅੱਜ ਨੂੰ ਦੋਵੇਂ ਸੈਮੀਫਾਈਨਲ ਮੈਚ ਖੇਡੇ ਜਾਣਗੇ। ਪਹਿਲਾ ਸੈਮੀਫਾਈਨਲ ਮੈਚ ਸਵੇਰ 10:30 ਵਜੇ ਯੰਗ ਫੁੱਟਬਾਲ ਕਲੱਬ ਮਾਹਿਲਪੁਰ ਅਤੇ ਪੰਜਾਬ ਪੁਲਿਸ ਵਿਚਕਾਰ ਖੇਡਿਆ ਜਾਵੇਗਾ। ਦੂਜਾ ਮੈਚ 1 ਵਜੇ ਇੰਟਰਨੈਸ਼ਨਲ ਫੁੱਟਬਾਲ ਕਲੱਬ ਫਗਵਾੜਾ ਅਤੇ ਸੀ. ਆਰ. ਪੀ. ਐਫ ਜਲੰਧਰ ਵਿਚਕਾਰ ਖੇਡਿਆ ਜਾਵੇਗਾ। ਇਸ ਮੌਕੇ ਜਗਤਾਰ ਸਿੰਘ ਝਿੱਕਾ, ਹਰਮੇਲ ਸਿੰਘ, ਜਸਵੰਤ ਖਟਕੜ, ਕਾਲਮ ਨਵੀਸ ਐਸ. ਅਸ਼ੋਕ ਭੌਰਾ ਅਜੀਤ ਯੂ. ਐਸ. ਏ, ਸਰਬਜੀਤ ਮੰਗੂਵਾਲ, ਵੈਟਰਨ ਅਥਲੀਟ ਰਬਿੰਦਰ ਸਿੰਘ ਕਲੇਰ, ਪਰਮਜੀਤ ਸਿੰਘ ਸੂਪਰਡੈਂਟ, ਸੁਰਿੰਦਰ ਸਿੰਘ ਪੂਨੀ, ਤਲਵਿੰਦਰ ਸ਼ੇਰਗਿੱਲ ਸਟੇਜ ਸਕੱਤਰ, ਡਾ. ਗੁਰਮੀਤ ਸਿੰਘ ਸਰਾ, ਦਵਿੰਦਰ ਕੁਮਾਰ ਖਾਨਖਾਨਾ, ਸਤਵੀਰ ਸਿੰਘ ਸੱਤੀ ਨੈਸ਼ਨਲ ਕੋਚ, ਫੁੱਟਬਾਲ ਕੋਚ ਤੇ ਉੱਘੇ ਰੈਫਰੀ ਸ. ਪਰਮਜੀਤ ਸਿੰਘ ਸੂਰਾਪੁਰ, ਸਵਰਨ ਸਿੰਘ ਨੰਬਰਦਾਰ ਕਾਹਮਾ, ਤਰਲੋਚਨ ਸਿੰਘ ਪ